# ਦਫਤਰ ਡਾਇਰੈਕਟਰ ਸਿੱਖਿਆ ਵਿਭਾਗ (ਸੈ.ਸਿੱ), ਪੰਜਾਬ

ਮੀਮੋ ਨੰ: DySPD (PEDB)/2019/੨੦੬੭੮੪੧ ਮਿਤੀ: 19.07.2019

## ਜਨਤਕ ਸੂਚਨਾ

1. ਪੰਜਾਬ ਸਰਕਾਰ, ਸਿੱਖਿਆ ਵਿਭਾਗ ਦੇ ਪੱਤਰ ਨੰ 11/35/2018-1edu6/1508658, ਮਿਤੀ 25.06.2019 ਰਾਹੀਂ ਅਧਿਆਪਕਾਂ ਦੀ Teachers Transfer Policy-2019 ਜਾਰੀ ਕੀਤੀ ਗਈ ਹੈ। ਜੋ ਅਧਿਆਪਕ ਪਾਲਿਸੀ ਅਨੁਸਾਰ ਕਵਰ ਹੁੰਦੇ ਹਨ ਉਨ੍ਹਾਂ ਦੀਆਂ ਸਿੱਖਿਆ ਵਿਭਾਗ ਵੱਲੋਂ ਮਿਤੀ 07.07.2019 ਤੋਂ 14.07.2019 ਤੱਕ ਬਦਲੀਆਂ ਲਈ online ਬੇਨਤੀਆਂ ਜਨਤਕ ਸੂਚਨਾ DySPD (PEDB)/2019/2019191668, ਮਿਤੀ 07.07.2019 ਜਾਰੀ ਕਰਕੇ ਮੰਗੀਆਂ ਗਈਆਂ ਹਨ।
2. ਵਿਭਾਗ ਵੱਲੋਂ ਅਧਿਆਪਕਾਂ ਨੂੰ ਆਪਣੀ ਪ੍ਰਤੀ ਬੇਨਤੀ online approve ਕਰਨ ਉਪਰੰਤ ਵੀ ਆਪਣੇ ਡਾਟਾ ਵਿੱਚ ਸ਼ੋਧ ਕਰਨ ਲਈ 2 ਮੌਕੇ ਬਦਲੀਆਂ ਦੀ ਬੇਨਤੀਆਂ ਦੇਣ ਦੀ ਅੰਤਿਮ ਮਿਤੀ ਤੱਕ ਦਿੱਤੇ ਗਏ ਸਨ। ਪਰੰਤੂ ਬਦਲੀ ਦੀਆਂ ਦਰਖਾਸਤਾਂ ਦੀ ਪੜਤਾਲ ਉਪਰੰਤ ਇਹ ਪਾਇਆ ਗਿਆ ਹੈ ਕਿ ਉਕਤ ਦੇ ਬਾਵਜੂਦ ਵੀ ਨਾਲ ਨੱਥੀ ਸੂਚੀ ਅਨੁਸਾਰ 1751 ਅਧਿਆਪਕਾਂ ਦੇ ਸਰਵਿੱਸ ਰਿਕਾਰਡ ਸਬੰਧੀ ਵੇਰਵਿਆਂ ਵਿੱਚ ਤਰੁੱਟੀਆਂ ਹਨ। ਇਨ੍ਹਾਂ ਅਧਿਆਪਕਾਂ ਦੇ ਕੁਲ ਸੇਵਾ ਦੇ ਦਿਨ ਅਤੇ ਵੱਖ-ਵੱਖ ਜੋਨਾਂ ਵਿੱਚ ਕੀਤੀ ਗਈ ਸੇਵਾ ਦੇ ਦਿਨਾਂ ਵਿੱਚ ਨਾਲ ਨੱਥੀ ਸੂਚੀ ਅਨੁਸਾਰ ਉਨ੍ਹਾਂ ਦੇ ਨਾਂ ਅਗੇ ਦਰਸਾਏ ਗਏ ਦਿਨਾਂ ਦਾ ਅੰਤਰ ਪਾਇਆ ਗਿਆ ਹੈ।
3. ਹੁਣ ਨਾਲ ਨੱਥੀ ਸੂਚੀ ਅਨੁਸਾਰ ਅਧਿਆਪਕਾਂ ਨੂੰ ਆਪਣੇ ਬਦਲੀ ਲਈ **online** ਅਪਲਾਈ ਕਰਨ ਲਈ ਦਿੱਤੇ Service Record ਦੇ module ਵਿੱਚ ਜਾ ਕੇ ਵੱਖ-ਵੱਖ ਸਕੂਲਾਂ ਵਿੱਚ ਕੀਤੀ ਗਈ ਸੇਵਾ ਦੇ ਵੇਰਵੇ ਦਰੁਸਤ ਕਰਨ ਲਈ ਇੱਕ ਆਖਿਰੀ ਮੌਕਾ ਦਿੱਤਾ ਜਾਂਦਾ ਹੈ। ਇਹ ਦਰੁਸਤੀ ਮਿਤੀ 20.07.2019 ਤੱਕ epunjabschool portal ਤੇ ਆਪਣੇ employee login Id ਤੇ login ਕਰਕੇ ਕੀਤੀ ਜਾ ਸਕਦੀ ਹੈ।
4. ਜੇਕਰ ਇਸ ਉਪਰੰਤ ਵੀ ਕਿਸੇ ਅਧਿਆਪਕ ਦੇ ਵੇਰਵਿਆਂ ਵਿੱਚ ਪੜਤਾਲ ਉਪਰੰਤ ਕੋਈ ਗਲਤੀ ਪਾਈ ਜਾਂਦੀ ਹੈ ਤਾਂ ਉਸ ਅਧਿਆਪਕ ਦੀ ਦਰਖਾਸਤ ਨੂੰ ਰੱਦ ਕਰੱਦੇ ਹੋਏ ਉਸ ਨੂੰ ਚਾਲੂ ਟ੍ਰਾਂਸਫਰ ਪਾਲਿਸੀ ਦੀ ਪ੍ਰਕਿਰਿਆ ਤੋਂ ਡੀਬਾਰ ਕਰ ਦਿੱਤਾ ਜਾਵੇਗਾ।

ਡਾਇਰੈਕਟਰ ਸਿੱਖਿਆ ਵਿਭਾਗ (ਸੈ.ਸਿੱ), ਪੰਜਾਬ।